# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
3. ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)
4. ਸਮੂਹ ਸੈਂਟਰ ਹੈੱਡ ਟੀਚਰ (ਵੈੱਬ ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/3323-3363
ਮਿਤੀ,ਚੰਡੀਗੜ੍ਹ 25 ਜਨਵਰੀ 2010

ਵਿਸ਼ਾ:- **ਮਹੀਨਾਵਾਰ ਪ੍ਰੀਖਿਆਵਾਂ ਦੇ ਅੰਕ ਸਾਲਾਨਾ ਪ੍ਰੀਖਿਆ ਵਿੱਚ ਸ਼ਾਮਿਲ ਕਰਨ ਬਾਰੇ।**

ਹਵਾਲਾ:- **ਉਪਰੋਕਤ ਵਿਸ਼ੇ ਦੇ ਇਸ ਦਫ਼ਤਰ ਦੇ ਮੀਮੋ ਨੰ: ਸਸਅ/ਮੈ.ਸੈ./09/79511-79556 ਮਿਤੀ 14.12.2010 ਦੀ ਲਗਾਤਾਰਤਾ ਵਿੱਚ।**

1.0 ਉਪਰੋਕਤ ਵਿਸ਼ੇ ਦੇ ਹਵਾਲੇ ਦੇ ਸਬੰਧ ਵਿੱਚ।

2.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਹੀਨਾਵਾਰ ਟੈਸਟਾਂ ਸਬੰਧੀ ਸਲਾਨਾ ਪ੍ਰੀਖਿਆ ਵਿੱਚ ਜਮਾਤ ਪੰਜਵੀਂ, ਛੇਵੀਂ, ਸੱਤਵੀਂ ਅਤੇ ਨੌਵੀਂ ਵਿੱਚ ਲਏ ਜਾਣ ਵਾਲੇ ਮਹੀਨਾਵਾਰ ਟੈਸਟਾਂ ਦੀ ਵਿਦਿਆਰਥੀਆਂ ਨੂੰ ਮਹੱਤਤਾ ਦੱਸਣ ਲਈ ਉਕਤ ਹਵਾਲਾ ਅਧੀਨ ਪੱਤਰ ਵਿੱਚ ਦਿੱਤੇ ਗਏ ਵੇਟੇਜ਼ ਸਬੰਧੀ ਵੇਰਵੇ: ਮਹੀਨਾਵਾਰ ਟੈਸਟ ਦੀ **ਵੇਟੇਜ = 15%,ਪਹਿਲਾ ਸਤੰਬਰ ਪ੍ਰੀਖਿਆ =7.5%, ਦੂਜੀ ਦਸੰਬਰ ਪ੍ਰੀਖਿਆ = 7.5% ਅਤੇ ਹੋਮਵਰਕ ਅਤੇ ਅਸਾਇਨਮੈਂਟਾਂ =10%** ਦਾ ਚਾਰਟ ਸਕੂਲ ਦੀ ਹਰ ਜਮਾਤ ਵਿੱਚ ਚਿਪਕਾਇਆ ਜਾਵੇ।ਇਹ ਵੀ ਸਪੱਸ਼ਟ ਕੀਤਾ ਜਾਵੇ ਕਿ ਇਸ ਤਰ੍ਹਾਂ ਦਿੱਤੀ ਗਈ 40% ਵੇਟੇਜ਼ ਵਿਦਿਆਰਥੀ ਦੇ ਸਲਾਨਾ ਪ੍ਰੀਖਿਆ ਵਿੱਚ ਜੋੜੀ ਜਾਵੇਗੀ।ਮਾਰਚ ਵਿੱਚ ਲਈ ਜਾਣ ਵਾਲੀ ਸਲਾਨਾ ਪ੍ਰੀਖਿਆ 60% ਵੇਟੇਜ਼ ਦੀ ਹੋਵੇਗੀ।

2.0 ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਮਾਤ ਵਿੱਚ ਇਹ ਚਿਪਕਾਇਆ ਜਾਣ ਵਾਲਾ ਵੇਟੇਜ਼ ਸਬੰਧੀ ਚਾਰਟ, ਜਮਾਤ ਵਿੱਚ ਉਚਿਤ ਉਚਾਈ ਅਤੇ ਮੋਟੇ ਅੱਖਰਾਂ ਵਿੱਚ ਚਿਪਕਾਇਆ ਜਾਵੇ ਤਾਂ ਜੋ ਵਿਦਿਆਰਥੀ ਇਸ ਨੂੰ ਸਪੱਸ਼ਟ ਰੂਪ ਵਿੱਚ ਪੜ੍ਹ ਸਕਣ ਅਤੇ ਇਸ ਸਕੀਮ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦਾ ਲਾਭ ਉਠਾ ਸਕਣ।ਇਹ ਜ਼ਿਆਦਾ ਬਿਹਤਰ ਹੋਵੇਗਾ ਜੇਕਰ ਇਸ ਦੀ ਇੱਕ ਕਾਪੀ ਸਕੂਲ ਦੇ ਨੋਟਿਸ ਬੋਰਡ ਤੇ ਅਤੇ ਮੁੱਖ ਦੁਆਰ ਦੇ ਨੇੜੇ ਵੀ ਚਿਪਕਾਈ ਜਾਵੇ।

3.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**